بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 17.04.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 17 ਅਪ੍ਰੈਲ ਸਨ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਦੁਆਵਾਂ ਤਾਂ ਜੇਕਰ ਉਹਨਾਂ ਦਾ ਹਕ ਪੂਰਿਆਂ ਕਰਦਿਆਂ ਹੋਇਆਂ ਕੀਤੀਆਂ ਜਾਣ ਤਾਂ ਕੌਮਾਂ ਦੀ ਵਿਗੜੀ ਹੋਈ ਬਣਾ ਦਿੰਦੀਆਂ ਹਨ । ਦੁਆ ਉਹ ਹੱਥਿਆਰ ਹੈ ਜੋ ਧਰਤੀ ਤੇ ਅਕਾਸ਼ ਨੂੰ ਬਦਲ ਦਿੰਦਾ ਹੈ । ਜੋ ਨਿਸ਼ਚੇ ਦੀ ਸ਼ਕਤੀ ਰੱਬ ਵੱਲੋਂ ਦਿੱਤੀ ਜਾਂਦੀ ਹੈ ਅਤੇ ਜੋ ਕਾਮਲ ਈਮਾਨ ਦੇ ਬਾਦ ਪੈਦਾ ਹੁੰਦੀ ਹੈ ਉਸ ਵਿੱਚ ਅਤੇ ਮਨੁੱਖੀ ਸ਼ਕਤੀ ਵਿੱਚ ਪੂਰਬ ਪਛੱਮ ਦਾ ਅੰਤਰ ਹੈ ।

ਤਸ਼ਹੁੱਦ, ਤਊਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਇਕ ਮੌਕੇ ਦੁਆ ਦੀ ਮਹਤੱਾ ਦਸ ਰਹੇ ਸਨ ਕਿ ਕਿਵੇਂ ਦੁਆ ਨਾਲ ਸਫ਼ਲਤਾ ਪੂਰਬਕ ਕੰਮ ਸਿਰੇ ਚੜ੍ਹਾਏ ਜਾ ਸਕਦੇ ਹਨ । ਇਸ ਦਾ ਵਿਸਥਾਰ ਦਸੱਦੇ ਹੋਏ ਆਪ ਨੇ ਦ੍ਰਿਸ਼ਟੀ ਗਿਆਨ ਅਰਥਾਤ ਮਿਸਮਿਰੇਜ਼ਮ ਬਾਰੇ ਵੀ ਚਰਚਾ ਕੀਤੀ ਕਿ ਜੋ ਲੋਕ ਮਿਸਮਿਰਾਈਜ਼ ਕਰਨ ਦੇ ਮਾਹਰ ਹੁੰਦੇ ਹਨ ਉਹ ਵੀ ਇਸ ਗਿਆਨ ਰਾਹੀਂ ਲੋਕਾਂ ਵਿੱਚ ਕੁਝ ਪਰਿਵਰਤਨ ਪੈਦਾ ਕਰ ਦਿੰਦੇ ਹਨ ਪਰ ਇਹ ਆਰਜ਼ੀ ਅਤੇ ਵਿਅਕਤੀਗਤ ਹੁੰਦੇ ਹਨ ਅਤੇ ਫਿਰ ਅਜੇਹਾ ਵੀ ਨਹੀਂ ਹੁੰਦਾ ਕਿ ਜਿੰਨ੍ਹਾ ਤੋਂ ਕੋਈ ਇਨਕਲਾਬੀ ਲਾਭ ਪ੍ਰਾਪਤ ਹੋ ਰਹੇ ਹੋਣ । ਜੱਦ ਕਿ ਦੁਆਵਾਂ ਤਾਂ ਜੇਕਰ ਉਹਨਾਂ ਦਾ ਹੱਕ ਪੂਰਾ ਕਰਦਿਆਂ ਹੋਇਆਂ ਕੀਤੀਆਂ ਜਾਣ ਤਾਂ ਕੌਮਾਂ ਦੀ ਵਿਗੜੀ ਬਣਾ ਦਿੰਦੀ ਹੈ । ਇਸ ਦੇ ਵਿਸਥਾਰ ਵਿੱਚ ਆਪ ਨੇ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦੀ ਇਕ ਘਟਨਾ ਸੁਣਾਈ ਜੋ ਹਜ਼ਰਤ ਸੂਫ਼ੀ ਅਹਮਦ ਜਾਨ ਸਾਹਬ ਨਾਲ ਸੰਬੰਧਤ ਹੈ । ਮੈਂ ਹਜ਼ਰਤ ਮੁਸਲਿਹ ਮਊਦ ਦੇ ਸ਼ਬਦਾਂ ਵਿੱਚ ਇਸ ਦਾ ਵਿਸਥਾਰ ਵਰਨਣ ਕਰਦਾ ਹਾਂ ਜਿਸ ਤੋਂ ਪਤਾ ਚਲਦਾ ਹੈ ਕਿ ਦ੍ਰਿਸ਼ਟੀ ਗਿਆਨ ਰਾਹੀ ਦੂਜਿਆਂ ਉਪੱਰ ਪ੍ਰਭਾਵ ਪਾਉਣ ਨੂੰ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਕੀ ਸਿਥਿਤੀ ਦਿੰਦੇ ਸਨ । ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਦ੍ਰਿਸ਼ਟੀ ਗਿਆਨ ਕੀ ਹੈ ? ਕੇਵਲ ਕੁਝ ਖੇਡਾਂ ਦਾ ਨਾਂ ਹੈ, ਪਰ ਦੁਆ ਉਹ ਉਹ ਹੱਥਿਆਰ ਹੈ ਜੋ ਧਰਤੀ ਤੇ ਅਕਾਸ਼ ਨੂੰ ਬਦਲ ਦਿੰਦਾ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਅਜੇ ਦਾਵਾ ਨਹੀਂ ਕੀਤਾ ਸੀ ਕੇਵਲ ਬ੍ਰਾਹੀਨ ਅਹਮਦੀਆ ਲਿਖੀ ਸੀ ਕਿ ਇਸ ਦੀ ਸੂਫ਼ੀਆਂ, ਸੰਤਾ, ਮਹਾਤਮਾਵਾਂ ਤੇ ਵਿਦਵਾਨਾ ਵਿੱਚ ਬਹੁਤ ਪ੍ਰਸਿੱਧੀ ਹੋਈ । ਸੂਫ਼ੀ ਅਹਮਦ ਜਾਨ ਸਾਹਬ ਇਸ ਜੁੱਗ ਦੇ ਅਤਿਅੰਤ ਮਹਾਤਮਾਵਾਂ ਵਿੱਚੋਂ ਸਨ । ਜੱਦ ਉਹਨਾਂ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਇਸ਼ਤਿਹਾਰ ਪੜ੍ਹਿਆ ਤਾਂ ਆਪ ਨਾਲ ਪਤੱਰ ਵਿਹਾਰ ਅਰੰਭ ਕਰ ਦਿਤੱਾ ਅਤੇ ਇੱਛਾ ਪ੍ਰਕਟ ਕੀਤੀ ਕਿ ਜੇਕਰ ਕਦੇ ਲੁਧਿਆਣੇ ਆਓ ਤਾਂ ਮੈਂਨੂੰ ਪਹਿਲਾਂ ਤੋਂ ਸੂਚਨਾ ਦੇਣ । ਸਬਬੀ ਇਹਨਾਂ ਹੀ ਦਿਨਾਂ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ

ਲੁਧਿਆਣੇ ਜਾਣ ਦਾ ਅਵਸਰ ਪ੍ਰਾਪਤ ਹੋਇਆ । ਸੂਫ਼ੀ ਅਹਮਦ ਜਾਨ ਸਾਹਬ ਨੇ ਹਜ਼ਰਤ ਮਸੀਹ ਮਊਦ ਅਲਹਿ ਸਲਾਮ ਦੀ ਦਾਵਤ ਕੀਤੀ । ਦਾਵਤ ਦੇ ਬਾਦ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਉਹਨਾਂ ਦੇ ਘਰੋਂ ਵਾਪਸ ਪਰਤ ਰਹੇ ਸਨ ਕਿ ਸੂਫ਼ੀ ਅਹਮਦ ਜਾਨ ਵੀ ਨਾਲ ਚੱਲ ਪਏ । ਮਾਰਗ ਵਿੱਚ ਸੂਫ਼ੀ ਅਹਮਦ ਜਾਨ ਸਾਹਬ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਬਿਨਤੀ ਕੀਤੀ ਕਿ ਮੈਂ ਐਨ੍ਹੇ ਵਰ੍ਹਿਆਂ ਤੋਂ ਰਤੜ ਛਤੱੜ ਵਾਲਿਆਂ ਦੀ ਸੇਵਾ ਕੀਤੀ ਹੈ ਅਤੇ ਇਸ ਦੇ ਬਾਦ ਮੈਂਨੂੰ ਓਥੋਂ ਐਨ੍ਹੀ ਸ਼ਕਤੀ ਪ੍ਰਾਪਤ ਹੋਈ ਹੈ ਕਿ ਦੇਖੋ ਮੇਰੇ ਪਿੱਛੇ ਜੋ ਮਨੁੱਖ ਆ ਰਿਹਾ ਹੈ ਜੇਕਰ ਮੈਂ ਉਸ'ਤੇ ਧਿਆਨ ਕੇਂਦਰਤ ਕਰਾਂ ਤਾਂ ਉਹ ਹੁਣੇ ਹੀ ਡਿੱਗ ਜਾਵੇ ਅਤੇ ਤੜਪਨ ਲੱਗੇ ਅਰਥਾਤ ਮਿਸਮਿਰਾਈਜ਼ ਕਰਕੇ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਹ ਸੁਣਦਿਆਂ ਹੀ ਖੜੇ ਹੋ ਗਏ ਅਤੇ ਸੋਟੀ ਨਾਲ ਭੋਂਇ ਖੁਰਚਨੀ ਅਰੰਮ ਕਰ ਦਿੱਤੀ, ਫਰਮਾਇਆ ਸੂਫ਼ੀ ਸਾਹਬ ਜੇਕਰ ਉਹ ਡਿੱਗ ਜਾਵੇ ਤਾਂ ਉਸ ਤੋਂ ਤੁਹਾਨੂੰ ਕੀ ਲਾਭ ਹੋਵੇਗਾ ਅਤੇ ਉਸ ਨੂੰ ਕੀ ਲਾਭ ਹੋਵੇਗਾ । ਉਹ ਵਾਸਤਵ ਵਿੱਚ ਸੂਫ਼ੀ ਤੇ ਰੱਬ ਵਾਲੇ ਸਨ । ਰੱਬ ਨੇ ਉਹਨਾਂ ਨੂੰ ਦੂਰਬੀਨ ਨਿਗਾਹ ਦਿੱਤੀ ਹੋਈ ਸੀ ਇਸ ਲਈ ਇਹ ਗੱਲ ਸੁਣਦਿਆਂ ਹੀ ਉਹਨਾਂ'ਤੇ ਸੁਪੁਰਦਗੀ ਦੀ ਅਵਸਥਾ ਛਾ ਗਈ ਅਤੇ ਕਹਿਣ ਲੱਗੇ ਅੱਜ ਤੋਂ ਮੈਂ ਇਸ ਗਿਆਨ ਤੋਂ ਤੌਬਾ ਕਰਦਾ ਹਾਂ ਮੈਂਨੂੰ ਗਿਆਤ ਹੋ ਗਿਆ ਕਿ ਇਹ ਸੰਸਾਰਕ ਗੱਲ ਹੈ ਧਾਰਮਕ ਨਹੀਂ । ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਇਹ ਜੋ ਮੈਂ ਕਿਹਾ ਰੱਬ ਨੇ ਉਹਨਾਂ ਨੂੰ ਦੂਰਬੀਨ ਨਿਗਾਹ ਦਿੱਤੀ ਹੋਈ ਸੀ ਇਸ ਦਾ ਇਹ ਹੈਰਾਨੀ ਭਰਿਆ ਪ੍ਰਮਾਣ ਸਾਡੇ ਕੋਲ ਹੈ ਅਤੇ ਉਹ ਇਹ ਹੈ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਅਜੇ ਬ੍ਰਾਹੀਨ ਅਹਮਦੀਆ ਹੀ ਲਿਖੀ ਸੀ ਕਿ ਉਹ ਸਮਝ ਗਏ ਕਿ ਇਹ ਮਨੁੱਖ ਮਸੀਹ ਮਊਦ ਬਣਨ ਵਾਲਾ ਹੈ ਜੱਦ ਕਿ ਉਸ ਸਮੇਂ ਤੱਕ ਅਜੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਉਪੱਰ ਵੀ ਇਹ ਭੇਦ ਖੁੱਲਿਆ ਨਹੀਂ ਸੀ ਕਿ ਆਪ ਕੋਈ ਦਾਵਾ ਕਰਨ ਵਾਲੇ ਹਨ । ਉਹਨਾਂ ਨੇ ਇਹਨਾਂ ਹੀ ਦਿਨਾਂ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਇਕ ਪਤੱਰ ਵਿੱਚ ਇਹ ਸ਼ੇਅਰ ਲਿੱਖਿਆ, ਮੈਂ ਪਹਿਲਾਂ ਵੀ ਇਸ ਸ਼ੇਅਰ ਦੀ ਚਰਚਾ ਕਰ ਚੁਕਿਆ ਹਾਂ :

ਹਮ ਮਰੀਜ਼ੋਂ ਕੀ ਤੁਮ ਪੇ ਹੈ ਨਿਗਾਹ          ਤੁਮ ਮਸੀਹਾ ਬਨੋ ਖ਼ੁਦਾ ਕੇ ਲਿਏ ।

ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਇਹ ਗੱਲ ਦਸਦੀ ਹੈ ਕਿ ਉਹ ਸਾਹਿਬੇ ਕਸ਼ਫ਼ (ਦਿਵ ਦ੍ਰਿਸ਼ਟਾ) ਸਨ ਅਤੇ ਰੱਬ ਨੇ ਉਹਨਾਂ ਨੂੰ ਦੱਸ ਦਿਤੱਾ ਸੀ ਕਿ ਇਹ ਮਨੁੱਖ ਮਸੀਹ ਮਊਦ ਬਣਨ ਵਾਲਾ ਹੈ । ਉਹ ਮਸੀਹ ਮੂਊਦ ਅਲੈਹਿ ਸਲਾਮ ਦੇ ਦਾਵੇ ਤੋਂ ਪਹਿਲਾਂ ਫ਼ੌਤ ਹੋ ਗਏ ਪਰ ਉਹ ਆਪਣੀ ਸੰਤਾਨ ਨੂੰ ਵਸੀਯੱਤ ਕਰ ਗਏ ਕਿ ਹਜ਼ਰਤ ਮਰਿਜ਼ਾ ਸਾਹਬ ਦਾਵਾ ਕਰਨਗੇ ਉਹਨਾਂ ਨੂੰ ਮੰਨ੍ਹਣ ਵਿੱਚ ਦੇਰੀ ਨ ਕਰਨਾ ਅਤੇ ਉਹਨਾਂ ਬਾਰੇ ਵਧੇਰੀ ਜਾਨਕਾਰੀ ਇਹ ਵੀ ਹੈ ਕਿ ਹਜ਼ਰਤ ਮੁਸਲਿਹ ਮਊਦ ਨੇ ਲਿੱਖਿਆ ਹੈ ਕਿ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦਾ ਵਿਆਹ ਵੀ ਉਹਨਾਂ ਦੇ ਘਰ ਹੋਇਆ ਸੀ । ਹਜ਼ਰਤ ਖ਼ਲੀਫ਼ਾ ਅਵੱਲ ਉਹਨਾਂ ਦੇ ਦਾਮਾਦ ਸਨ ।

ਫਿਰ ਮਿਸਮਿਰੇਜ਼ਮ ਬਾਰੇ ਇਕ ਹੋਰ ਘਟਨਾ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਭਾ ਵਿੱਚ ਹੋਈ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਨੇ ਵਰਨਣ ਕੀਤੀ ਕਿ ਕਿਵੇਂ ਰੱਬ ਨੇ ਆਪਣੇ ਭੇਜੇ ਹੋਏ ਸੁਧਾਰਕ ਉਪੱਰ ਮਿਸਮਿਰੇਜ਼ਮ ਕਰਨ ਵਾਲੇ ਨੂੰ ਨ ਕੇਵਲ ਅਸਫ਼ਲ ਤੇ ਨਾਮੁਰਾਦ ਕੀਤਾ ਸਗੋਂ ਚਮਤਕਾਰ ਦਿਖਾਇਆ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਕ ਵਾਰ ਮਸਜਿਦ ਮੁਬਾਰਕ ਵਿੱਚ ਸਨ ਕਿ ਇਕ ਹਿੰਦੂ ਜੋ ਲਾਹੋਰ ਦੇ ਕਿਸੇ ਦਫ਼ਤਰ ਵਿੱਚ ਅਕਾਉਂਟੈਂਟ ਸੀ ਅਤੇ ਮਿਸਮਿਰੇਜ਼ਮ ਦਾ ਬਹੁਤ ਮਾਹਰ ਸੀ, ਉਹ ਕਿਸੇ ਬਰਾਤ ਨਾਲ ਇਸ ਨਿਸ਼ਚੇ ਨਾਲ ਕਾਦੀਆਂ ਆਇਆ ਕਿ ਮੈਂ ਮਿਰਜ਼ਾ ਸਾਹਬ ਉਪੱਰ ਮਿਨਮਿਰੇਜ਼ਮ ਕਰਾਂਗਾ ਅਤੇ ਉਹ ਸਭਾ ਵਿੱਚ ਬੈਠੇ ਨਚੱਣ ਲੱਗ ਜਾਣਗੇ (ਨਊਜ਼ਬਿੱਲਾਹ) ਅਤੇ ਲੋਕਾਂ ਸਾਹਮਣੇ ਹੇਠੀ ਹੋਵੇਗੀ । ਮੈਂ ਨਿਸ਼ਚਾ ਕੀਤਾ ਕਿ ਮਿਰਜ਼ਾ ਸਾਹਬ'ਤੇ ਮਿਸਮਿਰੇਜ਼ਮ ਰਾਹੀਂ ਪ੍ਰਭਾਵ ਪਾਵਾਂਗਾ ਅਤੇ ਜੱਦ ਉਹ ਸਭਾ ਵਿੱਚ ਬੈਠੇ ਹੋਣਗੇ ਤਾਂ ਉਹਨਾਂ'ਤੇ ਧਿਆਨ ਕੇਂਦਰ ਕਰਕੇ ਉਹਨਾਂ ਦੇ ਮੁਰੀਦਾਂ ਸਾਹਮਣੇ ਉਹਨਾਂ ਦੀ ਹੇਠੀ ਕਰਾਂਗਾ । ਇਸ ਕਰਕੇ ਮੈਂ ਇਕ ਵਿਆਹ ਦੇ ਸੁਅਵਸਰ'ਤੇ ਕਾਦੀਆਂ ਗਿਆ । ਸਭਾ ਚੱਲ ਰਹੀ ਸੀ ਮੈਂ ਬੂਹੇ ਨੇੜੇ ਬੈਠ ਕੇ ਮਿਰਜ਼ਾ ਸਾਹਬ ਉਪੱਰ ਧਿਆਨ ਕੇਂਦਰਤ ਕਰਨਾ

ਅਰੰਭ ਕੀਤਾ । ਉਹ ਕੁਝ ਉਪਦੇਸ਼ ਤੇ ਨਸੀਹਤਾਂ ਦੀਆਂ ਗੱਲਾਂ ਕਰ ਰਹੇ ਸਨ (ਹਜ਼ਰਤ ਮਸੀਹ ਮਊਦ ਅਲੈਹਿ ਸਲਾਮ) ਕਹਿੰਦਾ ਹੈ ਕਿ ਮੈਂ ਧਿਆਨ ਕੇਂਦਰਤ ਕੀਤਾ ਤਾਂ ਕੁਝ ਵੀ ਪ੍ਰਭਾਵ ਨ ਹੋਇਆ । ਮੈਂ ਸਮਝਿਆ ਕਿ ਇਹਨਾਂ ਦੀ ਨਿਸ਼ਚੇ ਸ਼ਕਤੀ ਰਤਾ ਸ਼ਕਤੀਸ਼ਾਲੀ ਹੈ ਇਸ ਲਈ ਮੈਂ ਪਹਿਲਾਂ ਤੋਂ ਵੱਧਕੇ ਧਿਆਨ ਕੇਂਦਰ ਕੀਤਾ ਤਵੱਜੁਹ ਪਾਉਣੀ ਸ਼ੁਰੂ ਕੀਤੀ ਪਰ ਫਿਰ ਵੀ ਕੁਝ ਪ੍ਰਭਾਵ ਨ ਹੋਇਆ ਅਤੇ ਉਸੇ ਪ੍ਰਕਾਰ ਗੱਲਾਂ ਵਿੱਚ ਲੀਨ ਰਹੇ । ਮੈਂ ਸਮਝਿਆ ਕਿ ਇਹਨਾਂ ਦੀ ਨਿਸ਼ਚੇ ਸ਼ਕਤੀ ਹੋਰ ਵੀ ਮਜ਼ਬੂਤ ਹੈ ਇਸ ਲਈ ਮੈਂ ਜੋ ਕੁਝ ਮੇਰੇ ਗਿਆਨ ਵਿੱਚ ਸੀ ਉਸ ਨਾਲ ਕੰਮ ਲਿਆ ਅਤੇ ਸਾਰੀ ਸ਼ਕਤੀ ਲਾ ਦਿੱਤੀ ਪਰ ਜੱਦ ਮੈਂ ਸਾਰੀ ਸ਼ਕਤੀ ਲਾ ਬੈਠਾ ਤਾਂ ਮੈਂ ਦੇਖਿਆ ਕਿ ਇਕ ਸ਼ੇਰ ਮੇਰੇ ਸਾਹਮਣੇ ਬੈਠਾ ਹੈ ਅਤੇ ਮੇਰੇ ਉਪੱਰ ਹਮਲਾ ਕਰਨਾ ਚਾਹੁੰਦਾ ਹੈ । ਸ਼ੇਰ ਨੂੰ ਦੇਖਕੇ ਮੈਂ ਡਰਕੇ ਆਪਣੀ ਜੁੱਤੀ ਚੁੱਕ ਕੇ ਓਥੋਂ ਨੱਸਿਆ । ਜੱਦ ਮੈਂ ਬੂਹੇ'ਤੇ ਪਹੁੰਚਿਆ ਤਾਂ ਮਿਰਜ਼ਾ ਸਾਹਬ ਨੇ ਆਪਣੇ ਮੁਰੀਦਾਂ ਨੂੰ ਕਿਹਾ, ਦੇਖਣਾ ਇਹ ਕੌਣ ਹੈ । ਸੋ, ਇਕ ਵਿਅਕਤੀ ਮੇਰੇ ਪਿੱਛੇ ਸੀੜ੍ਹੀਆਂ ਤੋਂ ਹੇਠਾਂ ਉਤਰਿਆ ਅਤੇ ਉਸ ਨੇ ਮਸਜਿਦ ਦੇ ਨਾਲ ਵਾਲੇ ਚੌਕ ਵਿੱਚ ਮੈਨੂੰ ਫ਼ੜ ਲਿਆ । ਮੈਂ ਕਿਉਂਕਿ ਉਸ ਸਮੇਂ ਹੋਸ਼ ਗਵਾਈ ਬੈਠਾ ਸੀ ਇਸ ਲਈ ਮੈਂ ਉਸ ਫੜਨ ਵਾਲੇ ਨੂੰ ਕਿਹਾ ਇਸ ਸਮੇਂ ਮੈਨੂੰ ਛੱਡ ਦਿਓ ਮੇਰੇ ਹੋਸ਼ ਟਿਕਾਣੇ ਨਹੀਂ ਹਨ ਮੈਂ ਬਾਦ ਵਿੱਚ ਇਹ ਸਾਰੀ ਘਟਨਾ ਮਿਰਜ਼ਾ ਸਾਹਬ ਨੂੰ ਲਿੱਖ ਕੇ ਦਿਆਂਗਾ । ਸੋ, ਉਸਨੂੰ ਛੱਡ ਦਿੱਤਾ ਗਿਆ ਅਤੇ ਬਾਦ ਵਿੱਚ ਉਸਨੇ ਇਹ ਸਾਰੀ ਘਟਨਾ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੂੰ ਲਿਖੀ ਅਤੇ ਕਿਹਾ ਕਿ ਮੈਥੋਂ ਗੁਸਤਾਖ਼ੀ ਹੋਈ ਹੈ ਮੈਂ ਆਪ ਦੇ ਮਰਤਬੇ ਨੂੰ ਪਛਾਣ ਨਹੀਂ ਸਕਿਆ, ਇਸ ਲਈ ਮੈਨੂੰ ਖਿਮਾ ਪ੍ਰਦਾਨ ਕਰਨ ।

ਹਜਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਜੋ ਨਿਸ਼ਚੇ ਦੀ ਸ਼ਕਤੀ ਰੱਬ ਵੱਲੋਂ ਦਿੱਤੀ ਜਾਂਦੀ ਹੈ ਅਤੇ ਜੋ ਕਾਮਲ ਈਮਾਨ ਦੇ ਬਾਦ ਪੈਦਾ ਹੁੰਦੀ ਹੈ ਉਸ ਵਿੱਚ ਅਤੇ ਮਨੁੱਖੀ ਨਿਸ਼ਚੇ ਸ਼ਕਤੀ ਵਿੱਚ ਪੂਰਬ ਪਛੱਮ ਦਾ ਅੰਤਰ ਹੈ । ਫਿਰ ਇਕ ਮੌਕੇ'ਤੇ ਇਹ ਗੱਲ ਵਰਨਣ ਕਰਦਿਆਂ ਹੋਇਆਂ ਕੌਮੀ ਤਰੱਕੀ ਲਈ ਕੀ ਕੁਝ ਜ਼ਰੂਰੀ ਹੈ ਅਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਅਣਖ ਧਾਰਮਕ ਮਾਮਲਿਆਂ ਵਿੱਚ ਕਿੱਥੋਂ ਤੱਕ ਸੀ, ਹਜ਼ਰਤਮ ਮੁਹਮੱਦ ਰਸੂਲੁੱਲਾਹ ਸਲਲੱਾਹੁ ਅਲੈਹਿ ਵਸਲਅਮ ਦੇ ਮੁਕਾਮ ਵਿੱਚ ਕਿੱਥੋਂ ਤੱਕ ਸੀ, ਆਪ ਵਰਨਣ ਕਰਦੇ ਹਨ ਕਿ :

ਕੌਮੀ ਤਰੱਕੀ ਲਈ ਜ਼ਰੂਰੀ ਹੈ ਕਿ ਸਾਰੀਆਂ ਸਚੱਾਈਆਂ ਨੂੰ ਆਪਣੇ ਅੰਦਰ ਸਮੋਹ ਲਿਆ ਜਾਵੇ । ਇਹ ਨਹੀਂ ਕਿ ਕੇਵਲ ਵਫ਼ਾਤੇ ਮਸੀਹ ਨੂੰ ਮਨ ਲਿਆ ਜਾਵੇ । ਵਫ਼ਾਤੇ ਮਸੀਹ ਨੂੰ ਮੰਨ੍ਹਣਾ ਕਿਉਂ ਜ਼ਰੂਰੀ ਹੈ ? ਸਾਨੂੰ ਜੋ ਚੀਜ ਮਸੀਹ ਦੇ ਜੀਉਂਦੇ ਹੋਣ ਦੇ ਅਕੀਦੇ ਦੀ ਚੁਭੱਦੀ ਹੈ ਉਹ ਇਹ ਹੈ ਕਿ ਇਕ ਤਾਂ ਮਸੀਹ ਦੇ ਜੀਉਂਦੇ ਹੋਣ ਕਰਕੇ ਹਜ਼ਰਤ ਈਸਾ ਦੀ ਵੱਡਿਆਈ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲਹਿ ਵਸਅਮ ਉਪੱਰ ਪ੍ਰਮਾਣਤ ਹੁੰਦੀ ਹੈ, ਜੱਦ ਕਿ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਜਿਹੀ ਮਾਹਨਤਾ ਵਾਲਾ ਨਬੀ ਨ ਕੋਈ ਹੋਇਆ ਹੈ ਅਤੇ ਨ ਹੀ ਹੋਵੇਗਾ ਅਤੇ ਮਸੀਹ ਨੂੰ ਜੀਉਂਦਾ ਮਨ੍ਹਣ ਨਾਲ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਉਪੱਰ ਜਿੰਨ੍ਹਾ ਨੇ ਸਾਰੀ ਦੁਨੀਆ ਦਾ ਵਾਸਤਵਿਕ ਸੁਧਾਰ ਕੀਤਾ ਮਸੀਹ ਦੀ ਤਰਜੀਹ ਸਾਬਤ ਹੁੰਦੀ ਹੈ ਅਤੇ ਇਹ ਇਸਲਾਮੀ ਵਿਚਾਰਧਾਰਾ ਦੇ ਵਿਰੁਧ ਹੈ ।

ਦੂਜੀ ਗੱਲ ਜੋ ਸਾਨੂੰ ਇਸ ਮਸੀਹ ਦੇ ਜੀਉਂਦੇ ਹੋਣ ਦੇ ਅਕੀਦੇ ਦੀ ਚੁਭੱਦੀ ਹੈ ਉਹ ਇਹ ਹੈ ਕਿ ਇਸ ਤੋਂ ਤੌਹੀਦੇ ਇਲਾਹੀ (ਇਕਈਸ਼ਵਰ ਵਾਦ) ਵਿੱਚ ਅੰਤਰ ਪੈਂਦਾ ਹੈ । ਇਹ ਦੋ ਚੀਜਾਂ ਹਨ ਜਿੰਨ੍ਹਾ ਕਰਕੇ ਸਾਨੂੰ ਵਫ਼ਾਤੇ ਮਸੀਹ ਦੀ ਸਮੱਸਿਆ ਉਪੱਰ ਜ਼ੋਰ ਦੇਣਾ ਪੈਂਦਾ ਹੈ । ਜੇਕਰ ਇਹ ਗੱਲਾਂ ਨ ਹੁੰਦੀਆਂ ਤਾਂ ਮਸੀਹ ਭਾਵੇਂ ਅਕਾਸ਼ ਉਪੱਰ ਹੁੰਦੇ ਜਾਂ ਧਰਤੀ'ਤੇ ਸਾਨੂੰ ਇਸ ਨਾਲ ਕੀ ਵਾਸਤਾ ਹੁੰਦਾ ਪਰ ਜੱਦ ਉਹਨਾਂ ਦਾ ਅਕਾਸ਼ ਉਪੱਰ ਚੜ੍ਹਨਾ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਅਤੇ ਇਸਲਾਮ ਦੀ ਤੌਹੀਨ ਦਾ ਸਬਬ ਬਣਦਾ ਹੈ ਅਤੇ ਤੌਹੀਦ ਦੇ ਵਿਰੁਧ ਹੈ ਤਾਂ ਅਸੀਂ ਇਸ ਅਕੀਦੇ ਨੂੰ ਕਿਵੇਂ ਸਹਿਨ ਕਰ ਸਕਦੇ ਹਾਂ । ਅਸੀਂ ਹਜ਼ਰਤ ਮਸੀਹ ਮਊਦ ਅਲੈਤਹ ਸਲਾਮ ਨੂੰ ਦੇਖਿਆ ਹੈ ਕਿ ਜੱਦ ਆਪ ਵਫ਼ਾਤੇ ਮਸੀਹ ਦਾ ਮਸਲਾ ਛੇੜਦੇ ਸਨ ਤਾਂ ਉਸ ਸਮੇਂ ਆਪ ਜੋਸ਼ ਦੇ ਸਬਬ ਕੰਬ ਉਠਦੇ ਸਨ ਅਤੇ ਆਪ ਦੇ ਸਵਰ ਵਿੱਚ ਐਨ੍ਹਾ ਜਲਾਲ ਹੁੰਦਾ ਸੀ ਕਿ ਇਉ ਲਗੱਦਾ ਸੀ ਕਿ ਆਪ ਮਸੀਹ ਦੇ ਜੀਉਂਦੇ ਹੋਣ ਦੇ ਅਕੀਦੇ ਦਾ ਕੀਮਾ ਕਰ ਰਹੇ ਹਨ । ਆਪ ਦੀ ਅਵਸਥਾ ਉਸ ਸਮੇਂ ਬਿਲਕੁਲ ਪਰਿਵਰਤਨ ਹੋ ਜਾਇਆ ਕਰਦੀ

ਸੀ । ਆਪ ਜਿਸ ਸਮੇਂ ਭਾਸ਼ਣ ਦੇ ਰਹੇ ਹੁੰਦੇ ਸਨ ਆਪ ਦੀ ਅਵਾਜ਼ ਵਿੱਚ ਇਕ ਵਿਸ਼ੇਸ਼ ਜੋਸ਼ ਦਿਖਾਈ ਦਿੰਦਾ ਸੀ ਅਤੇ ਇਉ ਮਲੂਮ ਹੁੰਦਾ ਸੀ ਕਿ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੇ ਤਖ਼ਤ ਉਪੱਰ ਮਸੀਹ ਬੈਠ ਗਏ ਹਨ ਜਿੰਨ੍ਹਾ ਤੋਂ ਉਹਨਾਂ ਨੇ ਸਨਮਾਨ ਤੇ ਆਬਰੂ ਖੋਹ ਲਿਆ ਹੈ ਅਤੇ ਆਪ ਉਸ ਤੋਂ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦਾ ਤਖ਼ਤ ਵਾਪਸ ਲੈਣਾ ਚਾਹੁੰਦੇ ਹਨ । ਸੋ, ਇਹ ਸੀ ਗ਼ੈਰਤ (ਅਣਖ) ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ।

ਫਿਰ ਜੱਦ ਰੱਬ ਕਿਸੇ ਨੂੰ ਕਿਸੇ ਉੱਚੇ ਮੁਕਾਮ ਉਪੱਰ ਖੜ੍ਹਾ ਕਰਦਾ ਹੈ ਤਾਂ ਅਜਿਹੇ ਲੋਕਾਂ ਬਾਰੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਕਥਨ ਹੈ ਕਿ ਕਿਵੇਂ ਰੱਬ ਉਹਨਾਂ ਦਾ ਮਾਰਗ ਦਰਸ਼ਨ ਕਰਦਾ ਹੈ ਅਤੇ ਕਿਵੇਂ ਲੋਕਾਂ ਬਾਰੇ ਉਹਨਾਂ ਲੋਕਾਂ ਦੇ ਅੰਦਰੂਨ ਵੀ ਉਹਨਾਂ'ਤੇ ਪ੍ਰਕਟ ਕਰ ਦਿੰਦਾ ਹੈ । ਇਸ ਬਾਰੇ ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਜੱਦ ਮਨੁੱਖ ਅਜਿਹੇ ਮੁਕਾਮ ਉਪੱਰ ਖੜ੍ਹਾ ਹੋ ਜਾਵੇ ਅਰਥਾਤ ਬੁਲੰਦ ਮੁਕਾਮ ਉਪੱਰ ਜਿਸ ਨੂੰ ਰੱਬ ਨੇ ਆਪ ਖੜ੍ਹਾ ਕੀਤਾ ਹੋਵੇ ਤਾਂ ਫਿਰ ਰੱਬ ਵੱਲੋਂ ਆਪਣੇ ਆਪ ਹੀ ਮਾਰਗ ਦਰਸ਼ਨ ਹੁੰਦਾ ਜਾਂਦਾ ਹੈ ਅਤੇ ਉਸਨੂੰ ਅਜਿਹੀ ਗੁਪਤ ਹਦਾਇਤ ਮਿਲਦੀ ਹੈ ਜਿਸ ਨੂੰ ਇਲਹਾਮ ਵੀ ਨਹੀਂ ਕਹਿ ਸਕਦੇ ਅਤੇ ਜਿਸ ਬਾਰੇ ਅਸੀਂ ਇਹ ਵੀ ਨਹੀਂ ਕਹਿ ਸਕਦੇ ਕਿ ਇਲਹਾਮ ਤੋਂ ਵੱਖਰੀ ਗੱਲ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਇਆ ਕਰਦੇ ਸਨ ਕਿ ਕਈ ਵਿਅਕਤੀ ਜੱਦ ਮੇਰੇ ਸਾਹਮਣੇ ਆਉਂਦੇ ਹਨ ਤਾਂ ਉਹਨਾਂ ਦੇ ਅੰਦਰੋਂ ਮੈਂਨੂੰ ਅਜਿਹੀਆਂ ਕਿਰਣਾ ਨਿਕਲਦੀਆਂ ਮਲੂਮ ਹੁੰਦੀਆਂ ਹਨ ਜਿੰਨ੍ਹਾ ਤੋਂ ਮੈਂਨੂੰ ਪਤਾ ਲੱਗ ਜਾਂਦਾ ਹੈ ਕਿ ਉਹਨਾਂ ਦੇ ਅੰਦਰ ਇਹ ਇਹ ਐਬ ਹਨ ਜਾਂ ਖ਼ੂਬੀਆਂ ਹਨ, ਪਰ ਇਹ ਆਗਿਆ ਨਹੀ ਹੁੰਦੀ ਕਿ ਉਹਨਾਂ ਨੂੰ ਇਸ ਐਬ ਤੋਂ ਜਾਣੂੰ ਕਰਵਾਇਆ ਜਾਵੇ । ਰੱਬ ਦੀ ਇਹੋ ਸੁਨੱਤ (ਤਰੀਕਾ) ਹੈ ਕਿ ਜੱਦ ਤੱਕ ਮਨੁੱਖ ਆਪਣੇ ਸੁਭਾਅ ਨੂੰ ਆਪ ਨਹੀਂ ਪ੍ਰਕਟ ਕਰ ਦਿੰਦਾ ਉਹ ਉਸ ਨੂੰ ਮੁਜਰਮ ਕਰਾਰ ਨਹੀਂ ਦਿੰਦਾ । ਇਸ ਲਈ ਇਸ ਸੁਨੱਤ (ਤਰੀਕੇ) ਹੇਠ ਨਬੀਆਂ ਅਤੇ ਉਹਨਾਂ ਦੇ ਉਤਰਾਧਿਕਾਰੀਆਂ ਦਾ ਵੀ ਇਹੋ ਤਰੀਕਾ ਹੈ ਕਿ ਉਹ ਉਸ ਸਮੇਂ ਤੱਕ ਕਿ ਮਨੁੱਖ ਦੇ ਅੰਦਰੂਨੀ ਐਬਾਂ ਦਾ ਕਿਸੇ ਨਾਲ ਚਰਚਾ ਨਹੀਂ ਕਰਦੇ ਜੱਦ ਤੱਕ ਉਹ ਆਪ ਆਪਣੇ ਐਬ ਨੂੰ ਪ੍ਰਕਟ ਨਾ ਕਰ ਦੇਵੇ । ਸੋ, 1904 ਈ. ਵਿੱਚ ਜੱਦ ਆਪ ਅਲੈਹਿ ਸਲਾਮ ਲਹੌਰ ਗਏ ਤਾਂ ਓਥੇ ਆਪ ਨੇ ਇਕ ਜਲਸੇ ਵਿੱਚ ਭਾਸ਼ਣ ਦਿੱਤਾ । ਇਕ ਗ਼ੈਰ ਅਹਮਦੀ ਮਿੱਤਰ ਸ਼ੇਖ ਰਹਿਮਾਤੁਲੱਾਹ ਸਾਹਬ ਵਕੀਲ ਵੀ ਇਸ ਸਮਾਰੋਹ ਵਿੱਚ ਮੌਜੂਦ ਸਨ । ਉਹ ਕਹਿੰਦੇ ਹਨ ਕਿ ਭਾਸ਼ਣ ਦਿੰਦੇ ਸਮੇਂ ਮੈਂ ਦੇਖਿਆ ਕਿ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦੇ ਸਿਰ ਵਿੱਚੋਂ ਨੂਰ ਦਾ ਇਕ ਬਿੰਬ ਨਿਕਲ ਕੇ ਅਕਾਸ਼ ਵੱਲ ਜਾ ਰਿਹਾ ਸੀ, ਉਸ ਸਮੇਂ ਮੇਰੇ ਨਾਲ ਇਕ ਹੋਰ ਮਿੱਤਰ ਵੀ ਬੈਠੇ ਹੋਏ ਸਨ ਮੈਂ ਉਹਨਾਂ ਨੂੰ ਕਿਹਾ ਕਿ ਉਹ ਦੇਖੋ ਉਹ ਕੀ ਚੀਜ਼ ਹੈ ? ਉਹਨਾਂ ਨੇ ਦੇਖਿਆ ਤੇ ਝੱਟ ਕਿਹਾ ਇਹ ਤਾਂ ਨੂਰ ਦਾ ਬਿੰਬ ਹੈ ਜੋ ਹਜ਼ਰਤ ਮਿਰਜ਼ਾ ਸਾਹਬ ਦੇ ਸਿਰ ਵਿੱਚੋਂ ਨਿਕਲ ਕੇ ਅਕਾਸ਼ ਤੱਕ ਪਹੁੰਚਿਆ ਹੋਇਆ ਹੈ, ਇਸ ਦ੍ਰਿਸ਼ ਦਾ ਸ਼ੇਖ਼ ਰਹਿਮਾਤੁਲੱਾਹ ਸਾਹਬ ਉਪੱਰ ਅਜਿਹਾ ਪ੍ਰਭਾਵ ਹੋਇਆ ਕਿ ਉਹਨਾਂ ਨੇ ਉਸੇ ਦਿਨ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਬੈਅਤ ਕਰ ਲਈ ।

ਇਹ ਅਜਿਹੇ ਚਮਤਕਾਰ ਹਨ ਜਿੰਨ੍ਹਾ ਨੂੰ ਦੇਖਕੇ ਲੋਕਾਂ ਨੇ ਈਮਾਨ ਹਾਸਲ ਕੀਤਾ ਅਤੇ ਫਿਰ ਇਹੋ ਨਹੀਂ ਚਮਤਕਾਰਾਂ ਦੀਆਂ ਵੱਖ ਵੱਖ ਅਵਸਥਾਵਾਂ ਹਨ ਜੋ ਰੱਬ ਲੋਕਾਂ 'ਤੇ ਹੁਣ ਵੀ ਪ੍ਰਕਟ ਕਰਦਾ ਚਲਾ ਜਾ ਰਿਹਾ ਹੈ ਜਿਵੇਂ ਕਿ ਪਿਛਲੇ ਇਕ ਜੁਮਏ ਵਿੱਚ ਕੁਝ ਤਾਜ਼ਾ ਨਿਸ਼ਾਨ ਵੀ ਵਰਨਣ ਕੀਤੇ ਗਏ ਸਨ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਭਾ ਦੀ ਇਕ ਘਟਨਾ ਦੀ ਚਰਚਾ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮਊਦ ਫਰਮਾਉਂਦੇ ਹਨ ਕਿ ਮੈਂਨੂੰ ਚੇਤੇ ਹੈ ਕਿ ਇਕ ਮਿੱਤਰ ਨੇ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੂੰ ਪੱਤਰ ਲਿੱਖਿਆ ਕਿ ਮੇਰੀ ਭੈਣ ਕੋਲ ਜਿੰਨ ਆਉਂਦੇ ਹਨ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਉਹਨਾਂ ਨੂੰ ਪੱਤਰ ਲਿੱਖਿਆ ਕਿ ਆਪ ਉਹਨਾਂ ਜਿੰਨਾ ਨੂੰ ਇਹ ਸੰਦੇਸ਼ ਪਹੁੰਚਾ ਦਿਓ ਕਿ ਇਕ ਇਸਤਰੀ ਨੂੰ ਕਿਉਂ ਸਤਾਉਂਦੇ ਹੋ । ਜੇਕਰ ਸਤਾਉਣਾ ਹੀ ਹੈ ਤਾਂ ਮੌਲਵੀ ਮੁਹਮੱਦ ਹੁਸੈਨ ਬਟਾਲਵੀ ਜਾਂ ਮੌਲਵੀ ਸਨਾਉਲੱਾਹ ਸਾਹਬ ਨੂੰ ਜਾਕੇ ਸਤਾਉਣ । ਇਕ ਗ਼ਰੀਬ ਇਸਤਰੀ ਨੂੰ ਤੰਗ ਕਰਕੇ ਕੀ ਲਾਭ !

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਨਿਸ਼ਾਨਾਂ ਤੇ ਚਮਤਕਾਰਾਂ ਦੇ ਹਵਾਲਿਆਂ ਨਾਲ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਨੇ ਫ਼ਰਮਾਇਆ ਹੈ ਉਹਨਾਂ ਵਿੱਚੋਂ ਕੁਝ ਹਵਾਲੇ ਪੇਸ਼ ਕਰਦਾ ਹਾਂ । ਉਧਾਰਨ ਲਈ ਮੈਂ ਇਕ ਸਾਹਬ ਅਬਦੁਲ ਕਰੀਮ ਨਾਂ ਦੇ ਇਕ ਵਿਅਕਤੀ ਦੀ ਘਟਨਾ ਵਰਨਣ ਕਰਦਾ ਹਾਂ । ਉਹ ਕਾਦੀਆਂ ਵਿੱਚ ਸਕੂਲ ਵਿੱਚ ਪੜ੍ਹਿਆ ਕਰਦੇ ਸਨ । ਉਹਨਾਂ ਨੂੰ ਹਲਕਾਏ ਕੁੱਤੇ ਨੇ ਕੱਟ ਲਿਆ ਇਸ'ਤੇ ਉਹਨਾਂ ਨੂੰ ਇਲਾਜ ਲਈ ਕਸੌਲੀ ਭੇਜਿਆ ਗਿਆ ਅਤੇ ਵੇਖਣ ਨੂੰ ਇਲਾਜ ਵੀ ਸਫ਼ਲ ਰਿਹਾ ਪਰ ਵਾਪਸ ਆਉਣ ਦੇ ਕੁਝ ਦਿਨਾਂ ਮਗਰੋਂ ਹੀ ਉਹਨਾਂ ਨੂੰ ਇਹ ਬਿਮਾਰੀ ਮੁੜ੍ਹ ਹੋ ਗਈ ਜਿਸ'ਤੇ ਕਸੌਲੀ ਤਾਰ ਦਿੱਤੀ ਗਈ ਕਿ ਕੋਈ ਇਲਾਜ ਦੱਸਿਆ ਜਾਵੇ ਪਰ ਉੱਤਰ ਮਿਲਿਆ ਕਿ ''Nothing can be done for Abdulkarim'' ਦੁੱਖ ਦੀ ਗੱਲ ਹੈ ਕਿ ਅਬਦੁਲ ਕਰੀਮ ਦਾ ਕੋਈ ਇਲਾਜ ਨਹੀਂ ਹੋ ਸਕਦਾ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਉਹਨਾਂ ਦੇ ਰੋਗ ਦੀ ਸੂਚਨਾ ਦਿੱਤੀ ਗਈ । ਆਪ ਨੇ ਉਹਨਾਂ ਦੇ ਰੋਗ ਨਿਵਾਰਨ ਲਈ ਵਿਸ਼ੇਸ਼ ਰੂਪ ਵਿੱਚ ਦੁਆ ਕੀਤੀ । ਇਸ ਦੁਆ ਦਾ ਇਹ ਪਰਿਣਾਮ ਹੋਇਆ ਕਿ ਰੱਬ ਨੇ ਉਹਨਾ ਦਾ ਰੋਗ ਦੂਰ ਕਰ ਦਿੱਤਾ । ਸੋ, ਸਾਬਤ ਹੋਇਆ ਕਿ ਇਸ ਸੁਭਾਵਕ ਕਾਨੂਨ ਦੇ ਉਪੱਰ ਵੀ ਇਕ ਹਸਤੀ ਹਾਕਮ ਹੈ ਜਿਸ ਦੇ ਹੱਥਾਂ ਵਿੱਚ ਸ਼ਿਫ਼ਾ ਬਖ਼ਸ਼ਣ ਦੀ ਤਾਕਤ ਹੈ । ਫਿਰ ਆਪ ਇਕ ਘਟਨਾ ਵਰਨਣ ਕਰਦੇ ਹਨ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਕੋਲ ਇਕ ਵਾਰ ਅਮਰੀਕਾ ਤੋਂ ਦੋ ਪੁਰੁਸ਼ ਤੇ ਇਕ ਇਸਤਰੀ ਆਏ । ਇਕ ਪੁਰੁਸ਼ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਤੋਂ ਆਪ ਦੇ ਦਾਵੇ ਬਾਰੇ ਗੱਲ ਕੀਤੀ । ਗੱਲ ਕਰਦਿਆਂ ਹਜ਼ਰਤ ਮਸੀਹ ਈਸਾ ਅਲੈਹਿ ਸਲਾਮ ਦੀ ਚਰਚਾ ਆ ਗਈ । ਉਸ ਮਨੁੱਖ ਨੇ ਕਿਹਾ ਕਿ ਉਹ ਤਾਂ ਖ਼ੁਦਾ ਸਨ । ਹਜ਼ਰਤ ਮਸੀਹ ਮਊਦ ਅਲਹਿ ਸਲਾਮ ਨੇ ਫ਼ਰਮਾਇਆ ਉਹਨਾਂ ਦੇ ਖ਼ੁਦਾ ਹੋਣ ਦਾ ਤੁਹਾਡੇ ਕੋਲ ਕੀ ਪ੍ਰਮਾਣ ਹੈ ? ਉਸ ਨੇ ਕਿਹਾ ਉਹਨਾਂ ਨੇ ਚਮਤਕਾਰ ਦਿਖਾਏ ਹਨ । ਆਪ ਨੇ ਫਰਮਾਇਆ ਕਿ ਚਮਤਕਾਰ ਤਾਂ ਅਸੀਂ ਵੀ ਦਿਖਾਉਂਦੇ ਹਾਂ, ਉਸ ਨੇ ਕਿਹਾ ਕਿ ਮੈਂਨੂੰ ਵੀ ਕੋਈ ਚਮਤਕਾਰ ਦਿਖਾਉਣ । ਆਪ ਨੇ ਫ਼ਰਮਾਇਆ ਤੁਸੀਂ ਆਪ ਮੇਰਾ ਚਮਤਕਾਰ ਹੋ । ਇਹ ਸੁਣ ਕੇ ਉਹ ਹੈਰਾਨ ਹੋ ਗਿਆ ਅਤੇ ਕਹਿਣ ਲੱਗਾ ਮੈਂ ਕਿਵੇਂ ਚਮਤਕਾਰ ਹਾਂ । ਆਪ ਨੇ ਫ਼ਰਮਾਇਆ ਕਾਦੀਆਂ ਇਕ ਛੋਟਾ ਜਿਹਾ ਅਤੇ ਅਣਪਛਾਤਾ ਪਿੰਡ ਸੀ । ਸਧਾਰਣ ਤੋਂ ਸਧਾਰਣ ਖਾਣ ਪੀਣ ਦੀ ਚੀਜ ਵੀ ਇੱਥੇ ਨਹੀਂ ਮਿਲ ਸਕਦੀ ਸੀ ਇੱਥੋਂ ਤੱਕ ਕਿ ਇਕ ਰੁਪਏ ਦਾ ਆਟਾ ਵੀ ਨਹੀਂ ਮਿਲਦਾ ਸੀ ਅਤੇ ਜੇਕਰ ਕਿਸੇ ਨੂੰ ਲੋੜ ਹੁੰਦੀ ਤਾਂ ਕਣਕ ਲੈਜਾਕੇ ਪਿਹਾਉਂਦਾ ਸੀ । ਉਸ ਸਮੇਂ ਮੈਂਨੂੰ ਰੱਬ ਨੇ ਖ਼ਬਰ ਦਿੱਤੀ ਸੀ ਕਿ ਮੈਂ ਤੇਰੇ ਨਾਂ ਨੂੰ ਦੁਨੀਆ ਵਿੱਚ ਬੁਲੰਦ ਕਰਾਂਗਾ ਅਤੇ ਸਾਰੀ ਦੁਨੀਆਂ ਵਿੱਚ ਤੁਹਾਡੀ ਪ੍ਰਸਿੱਧੀ ਜਾਵੇਗੀ । ਚਾਰੇ ਪਾਸਿਆਂ ਤੋਂ ਲੋਕ ਤੇਰੇ ਕੋਲ ਆਉਣਗੇ ਅਤੇ ਉਹਨਾਂ ਦੇ ਆਰਾਮ ਤੇ ਸੌਖ ਦੇ ਸਾਧਨ ਵੀ ਏਥੇ ਆ ਜਾਣਗੇ (يَّأْتِونَ مِنْ كُلِّ فَجٍّ عَمِيْقٍ) ''ਯਾਤੂਨਾ ਮਿਨ ਕੁੱਲੇ ਫ਼ੱਜਿਨ ਅਮੀਕ'' ਅਤੇ ਹਰ ਪ੍ਰਕਾਰ ਦੇ ਲੋਕ ਤੇਰੇ ਕੋਲ ਆਉਣਗੇ (يَّأْتِيْک مِنْ كُلِّ فَجٍّ عَمِيْقٍ) ਯਾਤੀਕਾ ਮਿਨ ਕੁੱਲੇ ਫ਼ੱਜਿਨ ਅਮੀਕ'' ਅਤੇ ਐਨ੍ਹੇ ਲੋਕ ਆਉਣਗੇ ਕਿ ਜਿਸ ਮਾਰਗ'ਚੋਂ ਆਉਣਗੇ ਫ਼ੈਲੇ ਹੋਏ ਡੂੰਘੇ ਹੋ ਜਾਣਗੇ । ਹੁਣ ਦੇਖ ਲਓ ਮਾਰਗ ਕਿੰਨ੍ਹੇ ਖੁੱਲੇ ਹੋ ਗਏ ਹਨ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਲਿੱਖਿਆ ਹੈ ਕਿ ਮੇਰੀ ਸਚੱਾਈ ਵਿੱਚ ਲੱਖਾਂ ਹੀ ਨਿਸ਼ਾਨ ਦਿਖਾਏ ਗਏ ਪਰ ਮੈਂ ਕਹਿੰਦਾ ਹਾਂ ਕਿ ਐਨ੍ਹੇ ਨਿਸ਼ਾਨ ਦਿਖਾਏ ਗਏ ਹਨ ਜੋ ਗਿਣੇ ਨਹੀਂ ਜਾ ਸਕਦੇ ਪਰ ਫਿਰ ਵੀ ਬਹੁਤ ਨਾਦਾਨ ਅਜਿਹੇ ਹਨ ਜੋ ਕਹਿੰਦੇ ਹਨ ਕਿ ਐਨ੍ਹੇ ਤਾਂ ਮਿਰਜ਼ਾ ਸਾਹਬ ਦੇ ਇਲਹਾਮ ਵੀ ਨਹੀਂ ਫਿਰ ਚਮਤਕਾਰ ਕਿਵੇਂ ਐਨ੍ਹੇ ਹੋ ਗਏ ਪਰ ਅਕਲ ਤੇ ਸੋਝੀ ਰੱਖਣ ਵਾਲੇ ਮਨੁੱਖ ਚੰਗੀ ਤਰ੍ਹਾਂ ਜਾਣਦੇ ਹਨ ਕਿ ਲੱਖਾਂ ਹੀ ਨਿਸ਼ਾਨ ਤਾਂ ਇਕ ਹੀ ਇਲਹਾਮ ਰਾਹੀਂ ਪ੍ਰਕਟ ਹੋ ਸਕਦੇ ਹਨ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਇਆ ਕਰਦੇ ਸਨ ਕਿ ਮੇਰੀ ਸਚੱਾਈ ਲਈ ਰੱਬ ਨੇ ਲੱਖਾਂ ਹੀ ਨਿਸ਼ਾਨ ਦਿਖਾਏ ਹਨ । ਇਹ ਬਿਲਕੁਲ ਠੀਕ ਹੈ ਅਤੇ ਇਸ ਬਾਰੇ ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਮੈਂ ਤਾਂ ਕਹਿੰਦਾ ਹਾਂ ਕਿ ਆਪ ਦੀ ਸਚੱਾਈ ਲਈ ਰੱਬ ਨੇ ਐਨ੍ਹੇ ਨਿਸ਼ਾਨ ਦਿਖਾਏ ਹਨ ਕਿ ਗਿਣਤੀ ਨਹੀਂ ਹੋ ਸਕਦੀ, ਪਰ ਕਿੰਨ੍ਹਾ ਲਈ ? ਇਹ ਨਿਸ਼ਾਨ ਜੋ ਦਿਖਾਏ ਹਨ ਕਿਨ੍ਹਾ ਲਈ ਹਨ, ਉਹਨਾਂ ਲਈ ਜੋ ਅਕਲ ਤੇ ਸੋਝੀ ਰੱਖਦੇ ਹਨ ।

ਅੱਜ ਵੀ ਕਾਦੀਆਂ ਦੀ ਤਰੱਕੀ ਇਸ ਗੱਲ ਦਾ ਪ੍ਰਮਾਣ ਹੈ । ਅੱਜ ਵੀ ਲੋਕ ਕਾਦੀਆਂ ਜਾਂਦੇ ਹਨ ਤਾਂ ਇਸ ਲਈ ਜਾਂਦੇ ਹਨ ਕਿ ਉਹ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਨਗਰੀ ਹੈ । ਇਸ ਲਈ ਨਹੀਂ ਜਾਂਦੇ ਕਿ ਇਕ ਸ਼ਹਿਰ ਹੈ ਅਤੇ ਸਾਧਾਰਣ ਸ਼ਹਿਰਾਂ ਵਾਂਗ ਉਸ ਦੀ ਅਬਾਦੀ ਵੱਧ ਰਹੀ ਹੈ ਤਰੱਕੀ ਕਰ ਰਿਹਾ ਹੈ ਜਾਂ ਫੈਲ ਗਿਆ ਹੈ । ਓਥੋਂ ਦੇ ਕਾਰੋਬਾਰੀ ਲੋਕ ਅੱਜ ਵੀ ਇਸ ਆਸ ਉਪੱਰ ਬੈਠੇ ਹੁੰਦੇ ਹਨ ਕਿ ਏਥੇ ਜਲਸਾ ਹੋਵੇਗਾ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਅਰੰਭ ਕੀਤਾ ਹੋਇਆ ਹੈ ਤਾਂ ਸਾਡੇ ਕਾਰੋਬਾਰ ਚਮਕਣਗੇ । ਇਸ ਸ਼ਹਿਰ ਵਿੱਚ ਇਹ ਆਰਥਕ ਪੱਖੋਂ ਤਰੱਕੀਆਂ ਵੀ ਗੈਰਾਂ ਨੂੰ ਵੀ ਅੱਜ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਸਬਬ ਹੋ ਰਹੀਆਂ ਹਨ । ਬਹਿਰਹਾਲ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਦਾਵਾ ਕਰਨ'ਤੇ ਲੋਕ ਆਪ ਕੋਲ ਆਏ ਅਤੇ ਉਹਨਾਂ ਲੋਕਾਂ ਨੇ ਵੀ ਲਾਭ ਚੁੱਕ ਲਿਆ ਅਤੇ (لا یشقی جلیسھم) ਲਾ ਯਸ਼ਕੀ ਜਲੀਸੇਹਿਮ ਦੇ ਸਬਬ ਉਹਨਾਂ ਨੂੰ ਵੀ ਨੇਮਤਾ ਮਿਲ ਗਈਆਂ । ਸੋ, ਇਹ ਸਾਰੇ ਆਪ ਦੀ ਸਚੱਾਈ ਦੇ ਨਿਸ਼ਾਨ ਹਨ । ਹਜ਼ਰਤ ਮੁਸਲਿਹ ਮਊਦ ਫ਼ਰਮਾਉਦੇ ਹਨ ਕਿ ਮੈਂਨੂੰ ਚੰਗੀ ਤਰ੍ਹਾਂ ਚੇਤੇ ਹੈ ਕਿ ਇਕ ਮੌਲਵੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਕੋਲ ਆਇਆ ਅਤੇ ਕਹਿਣ ਲੱਗਾ । ਮੈਂ ਆਪ ਦਾ ਕੋਈ ਨਿਸ਼ਾਨ ਦੇਖਣ ਆਇਆ ਹਾਂ । ਆਪ ਹੱਸ ਪਏ ਅਤੇ ਫਰਮਾਇਆ ਮੀਆਂ ਤੁਸੀਂ ਮੇਰੀ ਕਿਤਾਬ 'ਹਕੀਕਾਤੁਲਵਹੀ' ਦੇਖ ਲਓ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਰੱਬ ਨੇ ਮੇਰੀ ਤਾਈਦ ਵਿੱਚ ਕਿੰਨ੍ਹੇ ਨਿਸ਼ਾਨ ਦਿਖਾਏ ਹਨ । ਤੁਸੀਂ ਉਹਨਾਂ ਤੋਂ ਕੀ ਲਾਭ ਚੁੱਕਿਆ ਹੈ ਕਿ ਹੋਰ ਨਿਸ਼ਾਨ ਦੇਖਣ ਆਏ ਹੋ ।

ਸੋ, ਉਸ ਮਨੁੱਖ ਨੇ ਦੋ ਮਿੰਟ ਜਾ ਪੰਜ ਮਿੰਟ ਵਿੱਚ ਪੂਰੀਆਂ ਹੋਣ ਵਾਲੀਆਂ ਦੋ ਚਾਰ ਪੇਸ਼ਗੋਈਆਂ ਹੁੰਦੀਆਂ ਤਾਂ ਅਸੀਂ ਦੋ ਸਾਲ ਕੀ  ਦੋ ਸੌ ਸਾਲ ਵਾਲੀ ਪੇਸ਼ਗੋਈ ਵੀ ਮੰਨ ਲੈਂਦੇ ਅਤੇ ਕਹਿੰਦੇ ਕਿ ਜੱਦ ਅਸੀਂ ਦੋ, ਤਿੰਨ ਜਾਂ ਪੰਜ ਮਿੰਟ ਵਿੱਚ ਪੂਰੀ ਹੋਣ ਵਾਲੀ ਪੇਸ਼ਗੋਈਆਂ ਦੇਖੀਆਂ ਹਨ ਤਾਂ ਇਹ ਲੰਮੇ ਸਮੇਂ ਵਿੱਚ ਪੂਰੀਆਂ ਹੋਣ ਵਾਲੀਆਂ ਪੇਸ਼ਗੋਈਆਂ ਵੀ ਪੂਰੀਆਂ ਹੋਣਗੀਆਂ । ਪਰ ਜੇਕਰ ਕੋਈ ਮਨੁੱਖ ਇਸ ਪ੍ਰਕਾਰ ਦੀਆਂ ਪੇਸ਼ਗੋਈਆਂ ਦਿਖਾਏ ਬਿਨਾ ਲੰਮੇ ਸਮੇਂ ਦੀਆਂ ਪੇਸ਼ਗੋਈਆਂ ਕਰੇ ਤਾਂ ਅਸੀਂ ਕਹਾਂਗੇ ਕਿ ਇਹ ਗੱਲ ਅਕਲ ਦੇ ਵਿਰੁਧ ਹੈ । ਸੋ, ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀਆਂ ਪੇਸ਼ਗੋਈਆਂ ਤਾਂ ਆਪ ਦੇ ਜੀਵਨ ਕਾਲ ਵਿੱਚ ਵੀ ਪੂਰੀਆਂ ਹੋਈਆਂ ਅਤੇ ਅੱਜ ਤੱਕ ਪੂਰੀਆਂ ਹੋ ਰਹੀਆਂ ਹਨ ਜਿਵੇਂ ਕਿ ਮੈਂ ਕਿਹਾ ਕਿ ਜਮਾਤ ਦੀ ਪ੍ਰਤੀਦਿਨ ਦੀ ਤਰੱਕੀ ਇਸ ਗੱਲ ਦਲੀਲ ਹੈ ਇਸ ਦਾ ਪ੍ਰਮਾਣ  ਹੈ ।

ਅਲੱਾਹ ਤਆਲਾ ਇਹਨਾਂ ਪੇਸ਼ਗੋਈਆਂ ਦੇ ਪੂਰਾ ਹੋਣ ਜਿਵੇਂ ਕਿ ਪੂਰੀਆਂ ਹੋ ਰਹੀਆਂ ਹਨ, ਨ ਦਿਖਾਈ ਦੇਣ ਵਾਲਿਆਂ ਨੂੰ ਵੀ ਪ੍ਰਕਾਸ਼ ਪ੍ਰਦਾਨ ਫ਼ਰਮਾਏ ਕਿ ਉਹ ਵੀ ਦੇਖਣ ਯੋਗ ਹੋਣ । ਅਲੱਾਹ ਤਆਲਾ ਸਾਨੂੰ ਵੀ ਹਰ ਪਲ ਈਮਾਨ ਵਿੱਚ ਮਜ਼ਬੂਤੀ ਪ੍ਰਦਾਨ ਕਰਦਾ ਚਲਿਆ ਜਾਵੇ ।

★★★★★

**Khulasa Khutba 17.04.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131